# ਜੇ ਕੋਈ ਸੱਟ ਜਾਂ ਬਿਮਾਰੀ ਕੰਮ ‘ਤੇ ਹੁੰਦੀ ਹੈ ਤਾਂ ਕੀ ਕਰਨਾ ਚਾਹੀਦਾ ਹੈ

1

2

3

4

## ਜੇ ਤੁਸੀਂ ਕੰਮ ‘ਤੇ ਜ਼ਖਮੀ ਜਾਂ ਬਿਮਾਰ ਹੋ ਜਾਂਦੇ ਹੋ

ਤੁਹਾਡੇ ਕੋਲ ਸੱਟ ਲੱਗਣ ਦੀ ਤਾਰੀਖ ਤੋਂ ਛੇ ਮਹੀਨੇ, ਜਾਂ ਬਿਮਾਰੀ ਹੋਣ ਦੀ ਸਥਿਤੀ ਵਿਚ ਤਸ਼ਖੀਸ ਦੀ ਤਾਰੀਖ ਤੋਂ ਛੇ ਮਹੀਨੇ ਤੱਕ, ਡਬਲਿਊਐਸਆਈਬੀ ਨੂੰ ਆਪਣੀ ਸੱਟ ਜਾਂ ਬਿਮਾਰੀ ਬਾਰੇ ਦੱਸ ਕੇ ਲਾਭਾਂ ਲਈ ਦਾਅਵਾ ਕਰਨ ਲਈ ਸਮਾਂ ਹੈ।

ਤੁਹਾਨੂੰ ਆਪਣੇ ਕੰਮ ਵਾਲੀ ਥਾਂ ਦੀ ਸੱਟ ਜਾਂ ਬਿਮਾਰੀ ਬਾਰੇ ਦੱਸਣਾ ਚਾਹੀਦਾ ਹੈ ਭਾਵੇਂ:

- ਤੁਹਾਡਾ ਸੁਪਰਵਾਈਜ਼ਰ ਜਾਂ ਮੈਨੇਜਰ ਤੁਹਾਨੂੰ ਇਸ ਬਾਰੇ ਰਿਪੋਰਟ ਨਾ ਕਰਨ ਲਈ ਕਹਿੰਦਾ ਹੈ, ਜਾਂ ਜੇ ਤੁਸੀਂ ਇਸ ਦੀ ਰਿਪੋਰਟ ਕਰੋਗੇ ਤਾਂ ਤੁਸੀਂ ਆਪਣੀ ਨੌਕਰੀ ਗੁਆ ਲਓਗੇ
- ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਦੱਸਦਾ ਹੈ ਕਿ ਤੁਹਾਡੀ ਸੱਟ ਜਾਂ ਬਿਮਾਰੀ ਡਬਲਿਊਐਸਆਈਬੀ ਦੁਆਰਾ ਕਵਰ ਨਹੀਂ ਕੀਤੀ ਜਾਂਦੀ
- ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਕੰਮ ਦੀ ਥਾਂ ਦੀ ਸੱਟ ਜਾਂ ਬਿਮਾਰੀ ਤੋਂ ਰਿਕਵਰ ਹੋਣ ਲਈ ਇਸ ਦੀ ਰਿਪੋਰਟ ਕਰਨ ਦੀ ਬਜਾਏ, ਸਿੱਕ ਦਿਨਾਂ (sick days) ਦੀ ਵਰਤੋਂ ਕਰਨ ਲਈ ਕਹਿੰਦਾ ਹੈ

## ਕਾਰੋਬਾਰ

ਤੁਹਾਡੇ ਲਈ ਆਪਣੇ ਕਰਮਚਾਰੀ ਦੀ ਕੰਮ ਵਾਲੀ ਥਾਂ ‘ਤੇ ਹੋਣ ਵਾਲੀ ਸੱਟ ਜਾਂ ਬਿਮਾਰੀ ਬਾਰੇ ਪਤਾ ਲੱਗਣ ਦੇ ਤਿੰਨ ਦਿਨਾਂ ਦੇ ਅੰਦਰ ਕੰਮ ਦੇ ਸਥਾਨ ਦੀ ਸੱਟ ਦੀ ਰਿਪੋਰਟ ਕਰਨਾ ਜ਼ਰੂਰੀ ਹੈ।

ਤੁਸੀਂ ਆਪਣੇ ਕਾਰੋਬਾਰ ਵਿਚ ਕਿਸੇ ਵੀ ਵਿਅਕਤੀ ਦੀ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨ ਲਈ ਜਿੰਮੇਵਾਰ ਹੋ, ਜਿਸ ਵਿੱਚ ਪਰਿਵਾਰਕ, ਸੀਜ਼ਨਲ ਜਾਂ ਅਸਥਾਈ ਕਰਮਚਾਰੀ, ਕੁਝ ਘਰੇਲੂ ਕਰਮਚਾਰੀ, ਨਿਰਮਾਣ ਕਾਰਜ ਕਰ ਰਹੇ ਲੋਕ, ਵਿਦਿਆਰਥੀ, ਅਪਰੈਂਟਿਸ ਅਤੇ ਟ੍ਰੇਨਿੰਗ ਵਿੱਚ ਹਿੱਸਾ ਲੈਣ ਵਾਲੇ ਸ਼ਾਮਲ ਹਨ।

ਜੇ ਤੁਸੀਂ ਨਿਸ਼ਚਤ ਨਹੀਂ ਹੋ ਕਿ ਸੱਟ ਜਾਂ ਬਿਮਾਰੀ ਕੰਮ ਸੰਬੰਧੀ ਹੈ, ਤਾਂ ਵੀ ਤੁਹਾਨੂੰ ਸਾਨੂੰ ਇਸ ਦੀ ਰਿਪੋਰਟ ਸਾਨੂੰ ਕਰਨੀ ਚਾਹੀਦੀ ਹੈ। ਅਸੀਂ ਫੈਸਲਾ ਲੈਂਦੇ ਹਾਂ ਕਿ ਕੀ ਸੱਟ ਜਾਂ ਬਿਮਾਰੀ ਕੰਮ ਨਾਲ ਸੰਬੰਧਿਤ ਹੈ।

ਕੰਮ ਵਾਲੀ ਥਾਂ ਤੇ ਹੋਣ ਵਾਲੀ ਸੱਟ ਜਾਂ ਬਿਮਾਰੀ ਦੀ ਰਿਪੋਰਟ ਕਰਨ ਲਈ ਕਿਸੇ ਦਾ ਮਨੋਬਲ ਤੋੜਨਾ ਕਾਨੂੰਨ ਦੇ ਵਿਰੁੱਧ ਹੈ।

# ਜੇ ਕੋਈ ਸੱਟ ਜਾਂ ਬਿਮਾਰੀ ਕੰਮ 'ਤੇ ਹੁੰਦੀ ਹੈ ਤਾਂ ਇਨ੍ਹਾਂ ਕਦਮਾਂ ਦਾ ਪਾਲਣ ਕਰੋ:

| ਕਦਮ | ਜੇ ਤੁਸੀਂ ਜ਼ਖਮੀ ਹੋ ਜਾਂ ਕੰਮ 'ਤੇ ਬਿਮਾਰ ਹੋ ਜਾਂਦੇ ਹੋ | ਕਾਰੋਬਾਰ |
| --- | --- | --- |
| **1. ਮੈਡੀਕਲ ਸਹਾਇਤਾ ਪ੍ਰਾਪਤ ਕਰੋ** | **ਤੁਰੰਤ ਫਰਸਟ ਏਡ ਪ੍ਰਾਪਤ ਕਰੋ।**<br>ਜੇ ਤੁਹਾਨੂੰ ਹੋਰ ਇਲਾਜ ਦੀ ਜ਼ਰੂਰਤ ਹੈ, ਤਾਂ ਡਾਕਟਰ ਕੋਲ ਜਾਂ ਹਸਪਤਾਲ ਜਾਓ। | **ਫਰਸਟ ਏਡ ਪ੍ਰਦਾਨ ਕਰੋ।**<br>ਜੇ ਅਗਲੇਰੇ ਇਲਾਜ ਦੀ ਜਰੂਰਤ ਹੈ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੇ ਕਰਮਚਾਰੀ ਨੂੰ ਲਿਜਾਣਾ ਚਾਹੀਦਾ ਹੈ ਜਾਂ ਸੱਟ ਲੱਗਣ ਵਾਲੇ ਦਿਨ ਹਸਪਤਾਲ ਜਾਂ ਡਾਕਟਰ ਕੋਲ ਆਪਣੇ ਕਰਮਚਾਰੀ ਦੀ ਆਵਾਜਾਈ ਦੀ ਕੀਮਤ ਦਾ ਭੁਗਤਾਨ ਕਰਨਾ ਚਾਹੀਦਾ ਹੈ। |
| **2. ਦਸਤਾਵੇਜ਼** | ਆਪਣੇ ਰੋਜ਼ਗਾਰਦਾਤਾ ਨੂੰ ਆਪਣੀ ਸੱਟ ਜਾਂ ਬਿਮਾਰੀ ਅਤੇ ਕਿਸੇ ਡਾਕਟਰੀ ਇਲਾਜ ਦੇ ਬਾਰੇ **ਦੱਸੋ** ਜੋ ਤੁਸੀਂ ਤੁਰੰਤ ਪ੍ਰਾਪਤ ਕੀਤਾ। | ਤੁਹਾਨੂੰ **ਪੜਤਾਲ** ਕਰਨੀ ਚਾਹੀਦੀ ਹੈ ਅਤੇ ਇਸ ਬਾਰੇ **ਵਿਸਥਾਰ ਨਾਲ ਰਿਕਾਰਡ** ਰੱਖਣਾ ਚਾਹੀਦਾ ਹੈ ਕਿ ਕੀ ਵਾਪਰਿਆ ਹੈ ਅਤੇ ਤੁਸੀਂ ਇਸ ਮੁੱਦੇ ਨੂੰ ਸੁਲਝਾਉਣ ਲਈ ਕੀ ਕਦਮ ਚੁੱਕੇ ਹਨ। |
| **3. WSIB ਨੂੰ ਰਿਪੋਰਟ ਕਰੋ** | ਆਪਣੀ ਸੱਟ ਜਾਂ ਬਿਮਾਰੀ ਬਾਰੇ **ਰਿਪੋਰਟ** ਕਰੋ, ਜੇ:<br>• ਤੁਹਾਨੂੰ ਕਿਸੇ ਡਾਕਟਰ ਜਾਂ ਹਸਪਤਾਲ ਤੋਂ ਇਲਾਜ ਦੀ ਜ਼ਰੂਰਤ ਹੈ (ਫਰਸਟ ਏਡ ਤੋਂ ਅੱਗੇ), ਜਾਂ<br>• ਤੁਸੀਂ ਕੰਮ 'ਤੇ ਜਾਣ ਦੇ ਯੋਗ ਨਹੀਂ ਹੋ, ਜਾਂ<br>• ਤੁਹਾਨੂੰ ਘੱਟ ਤਨਖਾਹ ਦਿੱਤੀ ਜਾ ਰਹੀ ਹੈ ਜਾਂ ਕੰਮ ਦੇ ਘੱਟ ਘੰਟੇ ਮਿਲ ਰਹੇ ਹਨ।<br>ਤੁਸੀਂ ਡਬਲਿਊ ਐਸ ਆਈ ਬੀ ਨੂੰ ਵਰਕਰਜ਼ ਰਿਪੋਰਟ ਔਫ਼ ਇੰਜਰੀ/ਇਲਨੈਸ (ਫਾਰਮ 6) ਸਬਮਿਟ ਕਰਕੇ ਰਿਪੋਰਟ ਕਰ ਸਕਦੇ ਹੋ। | ਕੰਮ ਤੇ ਕਿਸੇ ਸੱਟ ਜਾਂ ਬਿਮਾਰੀ ਬਾਰੇ ਪਤਾ ਲਗਣ ਦੇ **ਤਿੰਨ ਦਿਨਾਂ ਦੇ ਅੰਦਰ ਅੰਦਰ** ਇੰਮਪਲੌਯਰਜ਼ ਰਿਪੋਰਟ ਔਫ਼ ਇੰਜਰੀ/ਇਲਨੈਸ (ਫਾਰਮ 7) **ਜਮ੍ਹਾ** ਕਰੋ ਜੇ ਤੁਹਾਡੇ ਕਰਮਚਾਰੀ:<br>• ਨੂੰ ਫਰਸਟ ਏਡ ਤੋਂ ਵੱਧ ਦੀ ਜ਼ਰੂਰਤ ਹੈ, ਜਾਂ<br>• ਕੰਮ ਤੋਂ ਗੈਰਹਾਜ਼ਰ ਹੈ, ਜਾਂ<br>• ਨਿਯਮਤ ਤਨਖਾਹ ਤੋਂ ਘੱਟ ਕਮਾਈ ਕਰਦਾ ਹੈ, ਜਾਂ<br>• ਨੂੰ ਸੱਤ ਕੈਲੰਡਰ ਦਿਨਾਂ ਤੋਂ ਵੱਧ ਲਈ ਨਿਯਮਤ ਤਨਖਾਹ 'ਤੇ ਸੋਧੇ ਹੋਏ ਕੰਮ ਦੀ ਜ਼ਰੂਰਤ ਹੁੰਦੀ ਹੈ।<br>ਤੁਹਾਨੂੰ ਆਪਣੇ ਕਰਮਚਾਰੀ ਨੂੰ ਸੱਟ ਜਾਂ ਬਿਮਾਰੀ ਦੀ ਰਿਪੋਰਟ ਦੀ ਇੱਕ **ਕਾਪੀ ਜ਼ਰੂਰ ਪ੍ਰਦਾਨ ਕਰਨੀ** ਚਾਹੀਦੀ ਹੈ।<br>ਤੁਹਾਨੂੰ ਆਪਣੇ **ਕਰਮਚਾਰੀ** ਨੂੰ ਘਟਨਾ ਦੇ ਦਿਨ ਪੂਰੇ ਦਿਨ ਦੀ **ਤਨਖਾਹ ਲਈ ਅਦਾ ਕਰਨੀ** ਚਾਹੀਦੀ ਹੈ। ਜੇ ਮਨਜ਼ੂਰ ਹੋ ਜਾਂਦੇ ਹਨ, ਤਾਂ WSIB ਲਾਭ ਸੱਟ ਜਾਂ ਬਿਮਾਰੀ ਦੇ ਵਾਪਰਨ ਤੋਂ ਬਾਅਦ ਦੇ ਕਾਰਜਕਾਰੀ ਦਿਨ ਤੋਂ ਸ਼ੁਰੂ ਹੋ ਜਾਂਦੇ ਹਨ। |
| **4. ਮਿਲ ਕੇ ਕੰਮ ਕਰੋ** | **ਸੰਪਰਕ ਵਿੱਚ ਰਹੋ।** ਅਸੀਂ ਤੁਹਾਡੇ ਅਤੇ ਤੁਹਾਡੇ ਰੋਜ਼ਗਾਰਦਾਤਾ ਨਾਲ ਮਿਲ ਕੇ ਤੁਹਾਨੂੰ ਰਿਕਵਰ ਹੋਣ ਅਤੇ ਸਹੀ ਸਮੇਂ 'ਤੇ ਅਤੇ ਸੁਰੱਖਿਅਤ ਢੰਗ ਨਾਲ ਕੰਮ 'ਤੇ ਵਾਪਸ ਆਉਣ ਵਿੱਚ ਮਦਦ ਕਰਾਂਗੇ। | **ਸੰਪਰਕ ਵਿੱਚ ਰਹੋ** ਅਸੀਂ ਤੁਹਾਡੇ ਅਤੇ ਤੁਹਾਡੇ ਕਰਮਚਾਰੀ ਨਾਲ ਮਿਲ ਕੇ ਉਹਨਾਂ ਨੂੰ ਰਿਕਵਰ ਹੋਣ ਅਤੇ ਸਹੀ ਸਮੇਂ 'ਤੇ ਅਤੇ ਸੁਰੱਖਿਅਤ ਢੰਗ ਨਾਲ ਕੰਮ 'ਤੇ ਵਾਪਸ ਆਉਣ ਵਿੱਚ ਮਦਦ ਕਰਾਂਗੇ। |

ਜੇ ਫਰਸਟ ਏਡ ਇਕੱਲਾ ਇਲਾਜ ਹੈ ਜੋ ਤੁਸੀਂ ਪ੍ਰਾਪਤ ਕੀਤਾ, ਤਾਂ ਤੁਹਾਨੂੰ WSIB ਨੂੰ ਰਿਪੋਰਟ ਕਰਨ ਦੀ ਜ਼ਰੂਰਤ ਨਹੀਂ ਹੈ।

**ਨਿਸ਼ਚਿਤ ਨਹੀਂ?**
**ਸਾਡੇ ਨਾਲ ਸੰਪਰਕ ਕਰੋ।**

## ਧੋਖਾਧੜੀ ਅਤੇ ਸਿਸਟਮ ਦੀ ਦੁਰਵਰਤੋਂ ਦੀ ਰਿਪੋਰਟ ਕਰਨਾ

ਜੇ ਤੁਹਾਨੂੰ ਸ਼ੱਕ ਹੈ ਕਿ ਕਿਸੇ ਨੇ ਕੋਈ ਅਪਰਾਧ ਕੀਤਾ ਹੈ ਜਾਂ ਉਹ ਕੰਮ ਵਾਲੀ ਥਾਂ ਦੀ ਸੁਰੱਖਿਆ ਅਤੇ ਬੀਮਾ ਪ੍ਰਣਾਲੀ ਦੀ ਦੁਰਵਰਤੋਂ ਕਰ ਰਿਹਾ ਹੈ, ਜਿਸ ਵਿੱਚ ਡਬਲਿਊਐਸਆਈਬੀ ਦੇ ਦਾਅਵੇ ਨੂੰ ਰੋਕਣ ਦੀ ਕੋਸ਼ਿਸ਼ ਵੀ ਸ਼ਾਮਲ ਹੈ, ਕਿਰਪਾ ਕਰਕੇ ਇਸ ਨੂੰ ਗੁਪਤ ਰੂਪ ਵਿੱਚ 1-888-745-3237 'ਤੇ ਫੋਨ ਕਰਕੇ ਜਾਂ wsib.ca/reportfraud 'ਤੇ ਸਾਡੀ ਵੈਬਸਾਈਟ ਤੇ ਦੱਸੋ।

## ਸਾਡੇ ਬਾਰੇ

ਅਸੀਂ ਮਦਦ ਕਰਨ ਲਈ ਇੱਥੇ ਹਾਂ। ਜਦੋਂ ਨੌਕਰੀ ਤੇ ਕੋਈ ਸੱਟ ਜਾਂ ਬਿਮਾਰੀ ਹੋ ਜਾਂਦੀ ਹੈ, ਅਸੀਂ ਕਮਾਈ ਦੇ ਨੁਕਸਾਨ ਦੇ ਲਾਭ, ਡਾਕਟਰੀ ਕਵਰੇਜ, ਅਤੇ ਲੋਕਾਂ ਨੂੰ ਕੰਮ ਤੇ ਵਾਪਸ ਆਉਣ ਵਿਚ ਸਹਾਇਤਾ ਲਈ ਸਹਾਇਤਾ ਪ੍ਰਦਾਨ ਕਰਦੇ ਹਾਂ।

**wsib.ca/reporting**

**ਫ਼ੋਨ:** 416-344-1000

**ਟੋਲ ਫ੍ਰੀ ਫੋਨ:** 1-800-387-0750

**ਟੀ ਟੀ ਵਾਈ:** 1-800-387-0050

**ਹੈਡ ਆਫ਼ਿਸ:** 200 Front Street West, Toronto, ON  M5V 3J1